**ਪਹਿਲਾਂ ਐਪੀਸੋਡ**
**ਅਡੀਸ਼ਨ ਫਾਰ ਸਿੱਖ ਆਫ ਅਮਰੀਕਾ ਵਰਲਡ ਕੰਪੀਟੀਸ਼ਨ**
**ਸਵਾਲ ਸੰਖੇਪ ਵਿੱਚ ਪੁੱਛੇ ਜਾਣਗੇ**
**ਜਵਾਬ ਵਿਸਥਾਰ ਵਿੱਚ ਦਿੱਤੇ ਜਾਣ**

**ਹਰੀ ਸਿੰਘ ਨਲੂਆ**

ਪ1. ਹਰੀ ਸਿੰਘ ਨਲੂਆ ਦਾ ਜਨਮ ਕਿਸ ਪਰਿਵਾਰ ਵਿੱਚ ਹੋਇਆ?
ੳ. ਹਰੀ ਸਿੰਘ ਨਲੂਆ ਦਾ ਜਨਮ ਸ਼ੁੱਕਰਚੱਕੀਆ ਮਿਸਲ ਦੇ ਸਿੱਖ ਪਰਿਵਾਰ ਵਿੱਚ ਹੋਇਆ। ਇਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਨਜ਼ਦੀਕ ਮਜੀਠੇ ਦਾ ਰਹਿਣ ਵਾਲਾ ਸੀ। ਉਸ ਦੇ ਦਾਦਾ ਹਰਦਾਸ ਸਿੰਘ ਅਹਿਮਦ ਸ਼ਾਹ ਦੁਰਾਨੀ ਵਿਰੁੱਧ ਜੰਗ ਲੜਦੇ 1762 ਵਿੱਚ ਸ਼ਹੀਦ ਹੋਏ ਸਨ। ਉਨ੍ਹਾਂ ਦੇ ਪਿਤਾ ਗੁਰਦਿਆਲ ਸਿੰਘ ਨੇ ਵੀ ਚੜ੍ਹਤ ਸਿੰਘ ਸ਼ੁਕਰਚੱਕੀਆ ਨਾਲ ਕਈ ਮੁਹਿੰਮਾਂ ਵਿੱਚ ਹਿੱਸਾ ਲਿਆ ਸੀ।

ਪ2. ਕੀ ਹਰੀ ਸਿੰਘ ਨਲਵਾ ਫ਼ੌਜ ਦਾ ਮੁੱਖ ਕਮਾਂਡਰ ਸੀ?
ੳ. ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਉਥਲ ਪੁਥਲ ਵਾਲੇ ਉੱਤਰ ਪੱਛਮੀ ਫ਼ਰੰਟ ਦੇ  ਇਲਾਕੇ ਵਿੱਚ ਹਰੀ ਸਿੰਘ ਨਲਵਾ ਫ਼ੌਜ ਦਾ ਮੁੱਖ ਕਮਾਂਡਰ ਸੀ। ਉਹ ਸਰਕਾਰ ਏ ਖ਼ਾਲਸਾ ਦੀਆਂ ਹੱਦਾਂ ਨੂੰ ਖ਼ੈਬਰ ਦਰੇ ਤੱਕ ਲੈ ਗਿਆ।

ਪ3. ਸਰਕਾਰ ਏ ਖਾਲਸਾ ਵਿੱਚ ਹਰੀ ਸਿੰਘ ਨਲੂਆ ਦੀ ਕੀ ਭੂਮਿਕਾ ਸੀ?
ੳ. ਹਰੀ ਸਿੰਘ ਨਲੂਆ ਸਰਕਾਰੀ ਖਾਲਸਾ ਵਿੱਚ ਮਹਾਨ ਜਰਨੈਲ ਸੀ। ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਲੋਕਤੰਤਰ ਵਿੱਚ ਯਕੀਨ ਰੱਖਦਾ ਸੀ। ਪਿਛਲੀਆਂ ਅੱਠ ਸਦੀਆਂ ਤੋਂ ਪੱਛਮ ਤੋਂ ਆਉਣ ਵਾਲੇ ਧਾੜਵੀ ਇਸ ਭਾਰਤੀ ਉਪ ਮਹਾਂਦੀਪ ਵਿੱਚ ਲੁੱਟਮਾਰ ਜਬਰ ਜਨਾਹ ਕਰਦੇ ਅਤੇ ਜ਼ਬਰਦਸਤੀ ਮੁਸਲਮਾਨ ਬਣਾਉਂਦੇ ਸਨ। ਪਰ ਹਰੀ ਸਿੰਘ ਨਲੂਆ ਨੇ ਇਨ੍ਹਾਂ ਸਭ ਕਬੀਲਿਆਂ ਦੇ ਦਿਲਾਂ ਵਿੱਚ ਡਰ ਪੈਦਾ ਕਰ ਦਿੱਤਾ। ਉਸ ਨੇ ਬੜੀ ਹੀ ਦਲੇਰੀ ਨਾਲ ਆਖਰੀ ਹਮਲੇ ਨੂੰ ਜਮਰੌਦ ਦੇ ਕਿਲੇ ਵਿੱਚ ਡੱਕ ਦਿੱਤਾ ਤੇ ਉਸ ਤੋਂ ਬਾਅਦ ਇਹ ਰਸਤਾ ਧਾੜਵੀਆਂ ਵਾਸਤੇ ਸਦਾ ਲਈ ਬੰਦ ਹੋ ਗਿਆ। ਹਰੀ ਸਿੰਘ ਨਲੂਆ ਦੀ ਸ਼ਹੀਦੀ ਸਮੇਂ ਵੀਂ ਸਿੱਖ ਫ਼ੌਜ ਵੱਲੋਂ ਆਪਣੇ ਤੋਂ ਪੰਜ ਗੁਣਾ ਵੱਡੀ ਅਫਗਾਨ ਫੌਜ ਨੂੰ ਹਰਾਉਣਾ ਉਸ ਦੇ ਅਕਸ ਦੀ ਮਹਾਨਤਾ ਨੂੰ ਦਰਸਾਉਂਦਾ ਹੈ।

ਪ3. ਹਰੀ ਸਿੰਘ ਨਲੂਆ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਸੀ?
ੳ. ਹਰੀ ਸਿੰਘ ਨਲੂਆ ਵੱਲੋਂ ਉੱਤਰ ਪੱਛਮੀ ਫਰੰਟ ਵਿੱਚ ਕੀਤਾ ਗਿਆ ਪ੍ਰਸ਼ਾਸਨ ਅਤੇ ਫੌਜ ਦੇ ਕਮਾਂਡਰ ਦੇ ਤੌਰ ਤੇ ਨਿਭਾਈ ਭੂਮਿਕਾ ਦਾ ਕੋਈ ਵੀ ਸਾਨੀ ਨਹੀਂ ਹੈ। ਇਸ ਖਿੱਤੇ ਵਿੱਚ ਪਿਛਲੀਆਂ ਦੋ ਸਦੀਆਂ ਤੋਂ ਇੰਗਲੈਂਡ, ਪਾਕਿਸਤਾਨ, ਰੂਸ ਅਤੇ ਅਮਰੀਕਾ ਵਰਗੀਆਂ ਤਾਕਤਾਂ ਅਮਨ ਕਾਨੂੰਨ ਸਥਾਪਤ ਨਹੀਂ ਕਰ ਸਕੀਆਂ। ਹਰੀ ਸਿੰਘ ਨਲੂਆ ਵੱਲੋਂ ਅਜਿਹਾ ਕਰਨਾ ਗੁਰੂ ਗੋਬਿੰਦ ਸਿੰਘ ਵਲੋ ਦਰਸਾਏ ਮਾਰਗ ਉੱਪਰ ਚੱਲ ਕੇ ਹੀ ਸੰਭਵ ਹੋ ਸਕਿਆ। ਇਸ ਲਈ ਹਰੀ ਸਿੰਘ ਨਲਵਾ ਨੂੰ 'ਚੈਂਪੀਅਨ ਆਫ ਖਾਲਸਾ' ਵੀ ਕਿਹਾ ਜਾਂਦਾ ਹੈ।

ਪ4. ਹਰੀ ਸਿੰਘ ਨਲੂਆ ਦੇ ਪਿਤਾ ਦੀ ਮੌਤ ਕਦੋਂ ਹੋਈ?
ੳ. ਸੱਤ ਸਾਲ ਦੀ ਉਮਰ ਵਿੱਚ ਹਰੀ ਸਿੰਘ ਨਲਵਾ ਦੇ ਪਿਤਾ ਦੀ ਮੌਤ ਹੋ ਗਈ। ਹਰੀ ਸਿੰਘ ਨਲੂਆ ਦੀ ਮਾਤਾ ਧਰਮ ਕੌਰ ਨੂੰ ਆਪਣੇ ਪੇਕੇ ਘਰ ਜਾਣਾ ਪਿਆ ਜਿੱਥੇ ਉਸ ਦੇ ਭਰਾਵਾਂ ਵੱਲੋਂ ਉਸਦੀ ਸਾਂਭ ਸੰਭਾਲ ਕੀਤੀ ਗਈ।  ਹਰੀ ਸਿੰਘ ਨਲਵਾ ਨੇ ਪੰਜਾਬੀ ਅਤੇ ਫ਼ਾਰਸੀ ਭਾਸ਼ਾਵਾਂ ਸਿੱਖੀਆਂ ਅਤੇ ਨਾਲ ਹੀ ਘੋੜਸਵਾਰੀ, ਤੀਰ ਅੰਦਾਜ਼ੀ ਅਤੇ ਤਲਵਾਰਬਾਜ਼ੀ ਵੀ ਸਿੱਖੀ।

ਪ5. ਹਰੀ ਸਿੰਘ ਨਲੂਆ ਨੇ ਫੌਜ ਵਿੱਚ ਭਰਤੀ ਹੋਣ ਲਈ ਪ੍ਰੀਖਿਆ ਕਦੋਂ ਦਿੱਤੀ?

ਉ. ਹਰੀ ਸਿੰਘ ਨਲੂਆ ਨੇ 1804  ਵਿੱਚ ਸਿੱਖ ਫ਼ੌਜ ਵਿੱਚ ਭਰਤੀ ਹੋਣ ਲਈ ਪ੍ਰੀਖਿਆ ਦਿੱਤੀ ਅਤੇ ਉਸ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੇ ਜੰਗੀ ਕਰਤੱਬਾਂ ਨਾਲ ਇਸ ਕਦਰ ਪ੍ਰਭਾਵਿਤ ਕੀਤਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਆਪਣੇ ਨਿੱਜੀ ਦਸਤੇ ਵਿੱਚ ਸ਼ਾਮਲ ਕਰ ਲਿਆ। ਥੋੜ੍ਹੇ ਹੀ ਸਮੇਂ ਬਾਅਦ ਪੰਜ ਵਿੱਚ ਉਸ ਨੂੰ 800 ਘੋੜ ਸਵਾਰ ਅਤੇ ਪੈਦਲ ਸੈਨਾ ਦੀ ਕਮਾਂਡ ਦਿੱਤੀ ਗਈ ਅਤੇ ਇਸ ਦੇ ਨਾਲ ਹੀ ਸਰਦਾਰ ਦਾ ਰੁਤਬਾ ਵੀ ਦਿੱਤਾ ਗਿਆ।

ਪ6. ਹਰੀ ਸਿੰਘ ਨਲੂਆ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਸੀ?
ਉ. ਇਤਿਹਾਸਕ ਤੱਤਾਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉਸ ਵੱਲੋਂ ਤੇਜ਼ੀ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਨਿੱਜੀ ਦਸਤੇ ਤੋਂ ਅੱਠ ਸੌ ਘੋੜਸਵਾਰਾਂ ਦੀ ਫੌਜ ਦਾ ਸਰਦਾਰ ਬਣਨਾ ਇਕ ਬਹੁਤ ਵੱਡੀ ਗੱਲ ਸੀ। ਇੱਕ ਵਾਰ ਉਸ ਨੇ ਆਪਣੀ ਤਲਵਾਰ ਨਾਲ ਇੱਕ ਸ਼ੇਰ ਨੂੰ ਮਾਰ ਦਿੱਤਾ ਤੇ ਉਸ ਦਿਨ ਤੋਂ ਉਸ ਦਾ ਨਾਮ ਬਾਗ ਮਾਰ ਪੈ ਗਿਆ। ਇੱਥੋਂ ਹੀ ਉਸ ਦੇ ਨਾਮ ਨਾਲ ਨਲੂਆ ਲਫ਼ਜ਼ ਜੁੜ ਗਿਆ। ਹੋਰ ਇਤਿਹਾਸਕ ਸਰੋਤਾਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਜਦੋਂ ਹਰੀ ਸਿੰਘ ਨਲੂਆ ਨੇ ਸ਼ਿਕਾਰ ਕੀਤਾ ਤਾਂ ਉਦੋਂ ਉਸ ਨੂੰ ਸਰਦਾਰ ਦਾ ਰੁਤਬਾ ਮਿਲ ਚੁੱਕਾ ਸੀ। ਉਸ ਸਮੇਂ ਉਸ ਨੇ ਆਪਣੇ ਘੋੜੇ ਤੇ ਸਵਾਰ ਰਹਿੰਦਿਆਂ ਹੀ ਆਪਣੇ ਹੱਥਾਂ ਨਾਲ ਹੀ ਸ਼ੇਰ ਦਾ ਜਬਾੜਾ ਪਾੜ ਕੇ ਉਸ ਨੂੰ ਮਾਰ ਦਿੱਤਾ। ਇਸ ਘਟਨਾ ਵਿੱਚ ਉਸ ਨੂੰ ਆਪਣਾ ਘੋੜਾ ਗਵਾਉਣਾ ਪਿਆ।

ਪ7. ਕੀ ਹਰੀ ਸਿੰਘ ਨਲਵਾ ਅਮੀਰ ਸੀ?
ਉ. ਹਰੀ ਸਿੰਘ ਨਲੂਆ ਉੱਤਰ ਪੱਛਮ ਫਰੰਟ ਵਿੱਚ ਖ਼ਾਲਸਾ ਫ਼ੌਜ ਦਾ ਕਮਾਂਡਰ ਸੀ। ਉਸ ਨੇ ਕਈ ਮੁਹਿੰਮਾਂ ਵਿੱਚ ਸ਼ਾਨਾਮੱਤੀਆਂ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਉਸ ਨੂੰ ਕਈ ਥਾਵਾਂ ਤੇ ਗਵਰਨਰ ਲਗਾਇਆ ਗਿਆ। ਉਹ ਖ਼ਾਲਸਾ ਰਾਜ ਦੇ ਸਭ ਤੋਂ ਅਮੀਰ ਜਗੀਰਦਾਰਾਂ ਵਿੱਚੋਂ ਇੱਕ ਸੀ।

ਪ8. ਹਰੀ ਸਿੰਘ ਨਲੂਆ ਕਦੋਂ ਜੰਗ ਲੜਿਆ?
ਉ. ਜਦੋਂ ਮਹਾਰਾਜਾ ਰਣਜੀਤ ਸਿੰਘ ਨੇ 1807 ਵਿੱਚ ਕਸੂਰ ਉੱਪਰ ਹਮਲਾ ਕੀਤਾ ਤਾਂ ਹਰੀ ਸਿੰਘ ਨਲੂਆ ਆਪਣੀ ਰੈਜੀਮੈਂਟ ਦਾ ਕਮਾਂਡਰ ਸੀ। ਜੰਗ ਦੇ ਮੈਦਾਨ ਵਿੱਚ ਉਸ ਨੇ ਆਪਣੀ ਬਹਾਦਰੀ ਦੇ ਜੌਹਰ ਵਿਖਾਏ ਤੇ ਇਨਾਮ ਵਜੋਂ ਉਸ ਨੂੰ ਇੱਕ ਵੱਡੀ ਜਗੀਰ ਮਿਲੀ। ਉਸ ਤੋਂ ਬਾਅਦ ਹਰੀ ਸਿੰਘ ਨਲੂਆ ਵੱਲੋਂ ਸਿਆਲਕੋਟ, ਸਾਹੀਵਾਲ ਅਤੇ ਖੁਸ਼ਬ ਦੀਆਂ ਮੁਹਿੰਮਾਂ ਵਿੱਚ ਹਿੱਸਾ ਲਿਆ। ਮੁਲਤਾਨ ਵਿਰੁੱਧ ਮਹਾਰਾਜਾ ਰਣਜੀਤ ਸਿੰਘ ਦੀਆਂ ਸੱਤ ਮੁਹਿੰਮਾਂ ਵਿੱਚੋਂ ਹਰੀ ਸਿੰਘ ਨਲੂਆ ਵਲੋਂ 1810,1816,1817 ਤੇ 1818 ਵਾਲੀਆਂ ਚਾਰ ਮੁਹਿੰਮਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਸਾਥ ਦਿੱਤਾ ਗਿਆ। ਉਸ ਨੇ 1813 ਵਿੱਚ ਅਟਕ ਦੀ ਮੁਹਿੰਮ ਵਿੱਚ ਦੀਵਾਨ ਮੋਹਕਮ ਚੰਦ ਤੋਂ ਬਾਅਦ ਦੂਜੇ ਨੰਬਰ ਦੇ ਕਮਾਂਡਰ ਦੇ ਤੌਰ ਤੇ ਹਿੱਸਾ ਲਿਆ ਅਤੇ 1814 ਅਤੇ 1819 ਵਿੱਚ ਕਸ਼ਮੀਰ ਦੀਆਂ ਮੁਹਿੰਮਾਂ ਵਿੱਚ ਵੀ ਹਿੱਸਾ ਲਿਆ।

ਪ9.ਹਰੀ ਸਿੰਘ ਨਲੂਆ ਨੂੰ ਗਵਰਨਰ ਕਦੋਂ ਥਾਪਿਆ ਗਿਆ?
ਉ. 1820 ਵਿੱਚ ਕਸ਼ਮੀਰ ਉੱਪਰ ਕਬਜ਼ਾ ਕਰ ਲਿਆ ਗਿਆ। ਹਰੀ ਸਿੰਘ ਨਲਵਾ ਨੂੰ ਦੀਵਾਨ ਮੋਤੀ ਰਾਮ ਤੋਂ ਬਾਅਦ ਉੱਥੋਂ ਦਾ ਗਵਰਨਰ ਥਾਪਿਆ ਗਿਆ। ਉਸ ਨੇ ਇਸ ਅਸ਼ਾਂਤ ਖ਼ਿੱਤੇ ਵਿੱਚ ਸ਼ਾਂਤੀ ਸਥਾਪਤ ਕਰਕੇ ਪ੍ਰਸ਼ਾਸਨ ਬਹਾਲ ਕੀਤਾ। ਇਹ ਖ਼ਿੱਤਾ ਪਰਗਣਿਆਂ ਵਿੱਚ ਵੰਡਿਆ ਹੋਇਆ ਸੀ ਅਤੇ ਹਰ ਪ੍ਰਗਣਾ ਇੱਕ ਕਲੈਕਟਰ ਦੇ ਅਧੀਨ ਆਉਂਦਾ ਸੀ। ਜੰਗਲ ਬੇਲਿਆਂ ਵਿੱਚ ਵਿਚਰਨ ਵਾਲੇ ਧਾੜਵੀਆਂ ਚੋਰਾਂ ਤੇ ਡਾਕੂਆਂ ਨੂੰ ਹਰੀ ਸਿੰਘ ਨਲੂਆ ਨੇ ਕਾਬੂ ਹੇਠ ਕੀਤਾ। ਹਰੀ ਸਿੰਘ ਨਲੂਆ ਨੇ ਉੜੀ ਅਤੇ ਮੁਜ਼ੱਫਰਾਬਾਦ ਵਿੱਚ ਕਿਲਿਆਂ ਦੀ ਉਸਾਰੀ ਕਰਵਾਈ। ਬਾਰਾਮੁੱਲਾ ਅਤੇ ਮਟਨ ਵਿੱਚ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ। ਜੇਹਲਮ ਨਦੀ ਦੇ ਕੰਢੇ ਉੱਪਰ ਇੱਕ ਬਹੁਤ ਵੱਡਾ ਬਾਗ ਲਗਾਇਆ ਗਿਆ।

ਪ10.1821 ਦੇ ਹੜ੍ਹ ਵਿੱਚ ਹਰੀ ਸਿੰਘ ਨਲੂਆ ਨੇ ਕੀ ਹੀਲੇ ਕੀਤੇ?

ਉ. ਹਰੀ ਸਿੰਘ ਨਲੂਆ ਨੇ 1821 ਦੇ ਹੜ੍ਹ ਸਮੇਂ ਪੀੜਤ ਲੋਕਾਂ ਤੱਕ ਹਰ ਸੰਭਵ ਮਦਦ ਪਹੁੰਚਾਈ। ਬਦਲੇ ਵਜੋਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਖਿੱਤੇ ਵਿੱਚ ਹਰੀ ਸਿੰਘ ਨਲਵਾ ਨੂੰ ਆਪਣੇ ਨਾਮ ਦਾ ਸਿੱਕਾ ਚਲਾਉਣ ਦੀ ਆਗਿਆ ਦਿੱਤੀ। ਇਹ ਸਿੱਕਾ ਹਰੀ ਸਿੰਘੀ ਰੁਪਏ ਦੇ ਨਾਮ ਨਾਲ ਮਸ਼ਹੂਰ ਹੋਇਆ ਅਤੇ ਉਨੀਵੀਂ ਸਦੀ ਦੇ ਅਖੀਰ ਤੱਕ ਇਹ ਸਿੱਕਾ ਕਸ਼ਮੀਰ ਘਾਟੀ ਵਿੱਚ ਚੱਲਦਾ ਰਿਹਾ।

ਪ11. ਹਰੀ ਸਿੰਘ ਨਲਵਾ ਨੇ ਕਿਲੇ ਦੀ ਉਸਾਰੀ ਕਿੱਥੇ ਕਰਵਾਈ?
ਉ. 1822 ਵਿੱਚ ਹਰੀ ਸਿੰਘ ਨਲੂਆ ਦੀ ਡਿਊਟੀ ਉੱਤਰ ਪੱਛਮੀ ਫਰੰਟ ਵਿੱਚ ਪਠਾਣਾਂ ਦੇ ਖਿੱਤੇ ਹਜ਼ਾਰਾ ਵਿੱਚ ਲਗਾਈ ਗਈ। ਇੱਥੇ ਉਹ ਪੰਦਰਾਂ ਸਾਲ ਰਿਹਾ ਅਤੇ ਇਸ ਖਿੱਤੇ ਵਿੱਚ ਸ਼ਾਂਤੀ ਸਥਾਪਤ ਕੀਤੀ। ਉਸਨੇ ਸਾਲਿਕ ਸਰਾਏ ਦੇ ਨਜ਼ਦੀਕ ਡੋਰ ਨਦੀ ਦੇ ਕਿਨਾਰੇ ਉੱਪਰ ਅਬਦਾਲ ਤੋਂ ਐਬਟਾਬਾਦ ਨੂੰ ਜਾਂਦੇ ਰਸਤੇ ਤੇ ਕਿਲਾ ਉਸਾਰਿਆ। ਹਰੀ ਸਿੰਘ ਨਲੂਆ ਨੇ ਇਸ ਕਿਲੇ ਦੇ ਨਜ਼ਦੀਕ ਹਰੀਪੁਰ ਨਾਮ ਦਾ ਇੱਕ ਨਗਰ ਵਸਾਇਆ ਜੋ ਬਾਅਦ ਵਿੱਚ ਵਪਾਰ ਦਾ ਕੇਂਦਰ ਬਣਿਆ।

ਪ12. ਹਰੀ ਸਿੰਘ ਨਲੂਆ 1827 ਤੋਂ 1831 ਤੱਕ ਕਿੱਥੇ ਰੁੱਝਿਆ ਰਿਹਾ?
ਉ. ਇਸ ਸਮੇਂ ਦੌਰਾਨ ਉਹ ਸਈਅਦ ਅਹਿਮਦ ਬਰੇਲੀ ਦੁਆਰਾ ਸਿੱਖਾਂ ਵਿਰੁੱਧ ਕੀਤੇ ਜ਼ਬਰਦਸਤ ਹਮਲਿਆਂ ਨੂੰ ਠੱਲ੍ਹ ਪਾਉਣ ਵਿੱਚ ਵਿੱਚ ਰੁੱਝਾ ਰਿਹਾ। ਚੌਂਕੀ ਵਿੱਚ ਹਰੀ ਸਿੰਘ ਨਲਵਾ ਨੇ ਪਿਸ਼ਾਵਰ ਉੱਪਰ ਕਬਜ਼ਾ ਕਰਕੇ ਇਸ ਨੂੰ ਸਿੱਖ ਰਾਜ ਵਿੱਚ ਮਿਲਾ ਲਿਆ। ਦੋ ਸਾਲਾਂ ਬਾਅਦ ਉਸ ਨੇ ਜਮਰੌਦ ਵਿਖੇ ਇੱਕ ਕਿਲ੍ਹਾ ਬਣਾਇਆ ਜੋ ਖੈਬਰ ਦਰੇ ਦੇ ਮੂੰਹ ਉੱਪਰ ਸੀ। ਇਸ ਕਿਲੇ ਨੇ ਪੱਛਮੀ ਧਾੜਵੀਆਂ ਦੇ ਹਮਲੇ ਨੂੰ ਹਮੇਸ਼ਾ ਲਈ ਰੋਕ ਦਿੱਤਾ।

ਪ13. ਹਰੀ ਸਿੰਘ ਨਲੂਆ ਜੰਗ ਦੇ ਮੈਦਾਨ ਵਿੱਚ ਕਦੋਂ ਘਿਰਿਆ?
ਉ. 30 ਅਪਰੈਲ 1837 ਨੂੰ ਅਕਬਰ ਖ਼ਾਨ ਦੀ ਅਗਵਾਈ ਹੇਠ ਲੜ ਰਹੇ ਅਫ਼ਗਾਨਾਂ ਵਿਰੁੱਧ ਜੰਗ ਲੜਦਿਆਂ ਹਰੀ ਸਿੰਘ ਨਲੂਆ ਜੰਗ ਵਿੱਚ ਘਿਰ ਗਿਆ। ਉਸ ਦੇ ਚਾਰ ਗੋਲੀਆਂ ਲੱਗੀਆਂ ਅਤੇ ਛਾਤੀ ਉੱਪਰ ਤਲਵਾਰ ਦੇ ਦੋ ਫੱਟ ਲੱਗੇ। ਉਹ ਜ਼ਖ਼ਮੀ ਹਾਲਤ ਵਿੱਚ ਵੀ ਫੌਜ ਨੂੰ ਆਦੇਸ਼ ਦਿੰਦਾ ਰਿਹਾ ਪਰ ਇੱਕਦਮ ਗੋਲੀ ਆਣ ਕੇ ਉਸ ਦੀ ਵੱਖੀ ਵਿੱਚ ਲੱਗੀ। ਜਦੋਂ ਹਰੀ ਸਿੰਘ ਨਲਵਾ ਨੂੰ ਮਹਿਸੂਸ ਹੋਇਆ ਕਿ ਉਸਦੀ ਤਾਕਤ ਘੱਟ ਰਹੀ ਹੈ ਤਾਂ ਉਹ ਆਪਣੇ ਘੋੜੇ ਉੱਪਰ ਸਵਾਰ ਹੋ ਕੇ ਆਪਣੇ ਤੰਬੂ ਵਿੱਚ ਚਲਾ ਗਿਆ। ਉੱਥੋਂ ਉਸ ਨੂੰ ਕਿਲ੍ਹੇ ਵਿੱਚ ਲਿਜਾਇਆ ਗਿਆ। ਉਸੇ ਹੀ ਸ਼ਾਮ ਮਹਾਨ ਜਰਨੈਲ ਸ਼ਹੀਦੀ ਪਾ ਗਿਆ। ਉਸ ਦਾ ਆਖਰੀ ਹੁਕਮ ਸੀ ਕਿ ਉਸ ਦੀ ਮੌਤ ਦੀ ਖਬਰ ਓਨੀ ਦੇਰ ਬਾਹਰ ਨਾ ਕੱਢੀ ਜਾਵੇ ਜਿੰਨੀ ਦੇਰ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਨਹੀਂ ਪਹੁੰਚਦੀ।

ਪ14. 1820 ਤੋਂ 1837 ਦੌਰਾਨ ਹਰੀ ਸਿੰਘ ਨਲੂਆ ਕਿੱਥੇ ਕਿੱਥੇ ਪ੍ਰਸ਼ਾਸਕ ਰਿਹਾ?
ਉ. ਕਸ਼ਮੀਰ(1820-1821)
ਵੱਡਾ ਹਜ਼ਾਰਾ(1822-1837)
ਛੱਛ ਹਜ਼ਾਰਾ, ਪੋਠੋਹਾਰ, ਰਾਵਲਪਿੰਡੀ
ਸਿੰਧ ਤੋਂ ਪਾਰ ਇਲਾਕੇ ਦਾ ਵਾਇਸਰਾਏ(1822-31),
ਪਿਸ਼ਾਵਰ ਦਾ ਗਵਰਨਰ (1834-1837)

ਪ15. 1820-1821 ਤੱਕ ਹਰੀ ਸਿੰਘ ਨਲੂਆ ਕਿੱਥੋਂ ਦਾ ਗਵਰਨਰ ਰਿਹਾ?
ਉ. ਇਸ ਸਮੇਂ ਦੌਰਾਨ ਹਰੀ ਸਿੰਘ ਨਲਵਾ ਕਸ਼ਮੀਰ ਦਾ ਗਵਰਨਰ ਰਿਹਾ। ਹਰੀ ਸਿੰਘ ਨਲੂਆ ਕਸ਼ਮੀਰ ਦਾ ਪਹਿਲਾ ਖ਼ਾਲਸਾ ਗਵਰਨਰ ਸੀ ਜਿਸ ਨੂੰ 1820 ਵਿੱਚ ਥਾਪਿਆ ਗਿਆ। ਇਹ ਸੇਵਾ ਉਸ ਨੇ ਇੱਕ ਸਾਲ ਵਾਸਤੇ ਹੀ ਨਿਭਾਈ ਜਦੋਂ ਖ਼ਾਲਸਾ ਰਾਜ ਦੇ ਹੋਰ ਵਿਸਥਾਰ ਵਾਸਤੇ ਉਸ ਨੂੰ ਵਾਪਸ ਬੁਲਾ ਲਿਆ ਗਿਆ।

ਪ16. ਹਰੀ ਸਿੰਘ ਨਲੂਆ ਨੂੰ ਕਸ਼ਮੀਰ ਵਿੱਚ ਕਿਉਂ ਯਾਦ ਕੀਤਾ ਜਾਂਦਾ ਹੈ?

ਉ. ਹਰੀ ਸਿੰਘ ਨਲਵਾ ਨੇ ਕਸ਼ਮੀਰ ਵਿੱਚ ਗਵਰਨਰ ਰਹਿੰਦਿਆਂ ਅਜਿਹਾ ਕੰਮ ਕੀਤਾ ਜਿਸ ਦੀ ਉਸ ਤੋਂ ਬਹੁਤ ਘੱਟ ਉਮੀਦ ਸੀ। ਉਸ ਵੱਲੋਂ ਆਪਣੇ ਨਾਮ ਤੇ ਸਿੱਕੇ ਜਾਰੀ ਕਰਨੇ ਇੱਕ ਵਿਚਾਰ ਚਰਚਾ ਦਾ ਵਿਸ਼ਾ ਹੈ। ਉਸ ਦੇ ਕਸ਼ਮੀਰ ਤੋਂ ਚਲੇ ਜਾਣ ਤੋਂ ਬਾਅਦ ਵੀ ਉਸ ਦੇ ਨਾਮ ਦੇ ਸਿੱਕੇ ਕਸ਼ਮੀਰ ਵਿੱਚ ਚੱਲਦੇ ਰਹੇ। ਜਿਸ ਨੂੰ ਹਰੀ ਸਿੰਘੀ ਸਿੱਕੇ ਕਿਹਾ ਜਾਂਦਾ ਸੀ
ਉਸ ਦੀ ਮੌਤ ਤੋਂ ਬਾਅਦ ਭਾਵੇਂ ਕੋਈ ਵੀ ਕਸ਼ਮੀਰ ਦਾ ਗਵਰਨਰ ਰਿਹਾ ਹੋਵੇ ਹਰੀ ਸਿੰਘੀ ਸਿੱਕੇ ਉਵੇਂ ਹੀ ਚੱਲਦੇ ਰਹੇ। ਮੁਸਲਿਮ ਅਤੇ ਅੰਗਰੇਜ਼ ਇਤਿਹਾਸਕਾਰ ਉਸ ਦੇ ਕਸ਼ਮੀਰ ਉੱਪਰ ਰਾਜ ਦੀ ਆਲੋਚਨਾ ਕਰਦੇ ਹਨ ਪਰ ਇਨ੍ਹਾਂ ਦੀ ਆਲੋਚਨਾ ਤੱਥਾਂ ਤੇ ਪੂਰਨ ਆਧਾਰਿਤ ਨਹੀਂ ਹੈ।

ਪ17. 1822 ਤੋਂ 1837 ਦੌਰਾਨ ਗਵਰਨਰ ਕੌਣ ਸੀ?
ਉ. ਇਸ ਸਮੇਂ ਦੌਰਾਨ ਵੱਡੇ ਹਜ਼ਾਰੇ ਦਾ ਜਗੀਰਦਾਰ ਅਤੇ ਗਵਰਨਰ ਹਰੀ ਸਿੰਘ ਨਲੂਆ ਸੀ। ਉੱਤਰ ਪੱਛਮੀ ਫ਼ਰੰਟ ਵੱਲੋਂ ਭਾਰਤੀ ਉਪ ਮਹਾਂਦੀਪ ਵਿੱਚ ਹੋਣ ਵਾਲੇ ਹਮਲਿਆਂ ਨੂੰ ਹਮੇਸ਼ਾਂ ਵਾਸਤੇ ਰੋਕਣ ਲਈ ਹਰੀ ਸਿੰਘ ਨਲੂਆ ਨੇ ਅਹਿਮ ਭੂਮਿਕਾ ਨਿਭਾਈ। ਉਥਲ ਪੁਥਲ ਭਰੇ ਇਸ ਇਲਾਕੇ ਵਿੱਚ ਬਹੁਤ ਘੱਟ ਸਾਧਨਾਂ ਨਾਲ ਪੰਦਰਾਂ ਸਾਲ ਦੌਰਾਨ ਹਰੀ ਸਿੰਘ ਨਲੂਆ ਨੇ ਜੋ ਪ੍ਰਾਪਤੀਆਂ ਕੀਤੀਆਂ ਉਹ ਇੱਕ ਚਮਤਕਾਰ ਤੋਂ ਘੱਟ ਨਹੀਂ ਸੀ। ਹਰੀ ਸਿੰਘ ਨਲੂਆ ਦੇ ਅਧੀਨ ਖਿੱਤਿਆਂ ਵਿੱਚੋਂ ਸਿੰਧ ਸਾਗਰ ਦੁਆਬ ਦਾ ਇਲਾਕਾ ਹਜ਼ਾਰਾ ਬਹੁਤ ਹੀ ਮਹੱਤਵਪੂਰਨ ਸਥਾਨ ਰੱਖਦਾ ਸੀ।

ਪ18. ਕਿਸ ਨਗਰ ਵਿੱਚ ਹਰੀ ਸਿੰਘ ਨਲਵਾ ਦਾ ਨਾਮ ਸਥਾਪਤ ਹੋਇਆ ਅਤੇ ਹਰ ਕਿਸ਼ਨ ਗੜ੍ਹ ਕਿਲ੍ਹਾ ਜੋ ਉਸ ਦੀ ਤਾਕਤ ਦੀ ਨਿਸ਼ਾਨੀ ਹੈ ਕਿੱਥੇ ਸਥਿਤ ਹੈ?
ਉ. ਇਸ ਖਿੱਤੇ ਵਿੱਚ ਕੀਤੀਆਂ ਪ੍ਰਾਪਤੀਆਂ ਉਸ ਦੇ ਵਧੀਆ ਫੌਜੀ ਜਰਨੈਲ ਹੋਣ ਦੀ ਉਦਾਹਰਣ ਪੇਸ਼ ਕਰਦੀਆਂ ਹਨ। ਹਜ਼ਾਰਾ ਗਜ਼ਟੀਅਰ ਦਾ ਸੰਪਾਦਕ ਲਿਖਦਾ ਹੈ ਕਿ ਹਰੀ ਸਿੰਘ ਨਲੂਆ ਨੇ ਇਸ ਜ਼ਿਲ੍ਹੇ ਉੱਪਰ ਆਪਣੀ ਛਾਪ ਛੱਡੀ ਹੈ। ਉਸ ਸਮੇਂ ਇਸ ਇਲਾਕੇ ਨੂੰ ਹਰੀ ਸਿੰਘ ਨਲੂਏ ਵਰਗਾ ਜਰਨੈਲ ਹੀ ਕਾਬੂ ਕਰ ਸਕਦਾ ਸੀ। ਉਹ ਲਿਖਦਾ ਹੈ ਕਿ ਹਰੀ ਸਿੰਘ ਨਲੂਏ ਨੇ ਅਸੀਮਤ ਤਾਕਤ ਅਤੇ ਬਹਾਦਰੀ ਨਾਲ ਆਪਣੇ ਵਿਰੋਧੀਆਂ ਦਾ ਟਾਕਰਾ ਕੀਤਾ। ਹਰੀਪੁਰ ਨਾਮ ਦਾ ਨਗਰ ਅਤੇ ਹਰਕਿਸ਼ਨਗੜ੍ਹ ਕਿਲ੍ਹਾ ਉਸ ਦੀ ਤੱਕ ਦੀਆਂ ਨਿਸ਼ਾਨੀਆਂ ਹਨ।

ਪ19, 1822 ਤੋਂ 1837 ਦੌਰਾਨ ਵਾਇਸ ਰਾਏ ਅਤੇ ਗਵਰਨਰ ਕੌਣ ਸੀ?
ਉ. 1822 ਤੋਂ 1837 ਤੱਕ ਪੱਛਮੀ ਫ਼ਰੰਟ ਦਾ ਵਾਇਸਰਾਏ ਅਤੇ 1834 ਤੋਂ 1837 ਤੱਕ ਪਿਸ਼ਾਵਰ ਦਾ ਗਵਰਨਰ ਹਰੀ ਸਿੰਘ ਨਲੂਆ ਸੀ।

ਪ20 ਕਾਂਪੂ ਏ ਮੌਲਾ ਕੀ ਸੀ?
ਉ, ਕਾਂਪੂ ਏ ਮੌਲਾ ਹਰੀ ਸਿੰਘ ਨਲੂਆ ਵਲੋਂ ਸਹਾਇਤਾ ਲਈ ਮੰਗਿਆ ਫੌਜੀ ਦਸਤਾ ਸੀ। ਪਰ ਇਸ ਦਸਤੇ ਦੇ ਪਹੁੰਚਣ ਤੋਂ ਪਹਿਲਾਂ ਹੀ ਜੰਗ ਦਾ ਫੈਸਲਾ ਹੋ ਚੁੱਕਾ ਸੀ। ਹਰੀ ਸਿੰਘ ਨਲੂਆ ਤੇ ਉਸਦੀ ਜਗੀਰਦਾਰ ਫੌਜ ਤੇ ਫੌਜ ਏ ਖਾਸ ਦੀਆ ਦੋ ਬਟਾਲੀਅਨਾਂ ਪੱਛਮੀ ਫਰੰਟ ਦੀ ਰਾਖੀ ਲਈ ਜਿੰਮੇਵਾਰ ਸਨ। ਪੱਛਮੀ ਹਮਲੇ ਦੇ ਹਾਲਾਤ ਵਿੱਚ ਅੰਗਰੇਜ ਸਿੱਖ ਫੌਜ ਨੂੰ ਆਪਣੇ ਬਚਾਅ ਦੇ ਤੌਰ 'ਤੇ ਦੇਖਦੇ ਸਨ। ਸਿੱਖ ਹਰੀ ਸਿੰਘ ਨਲੂਆ ਦੇ ਅਧੀਨ ਪੈਂਦੇ ਇਲਾਕੇ ਨੂੰ ਸਿੱਖ ਰਾਜ ਦੇ ਪੱਛਮ ਵੱਲ ਵਿਸਥਾਰ ਦੇ ਤੌਰ 'ਤੇ ਦੇਖਦੇ ਸਨ।

ਪ21. 1806 ਤੋਂ 1836 ਦੌਰਾਨ ਕਿਹੜੇ ਕਿਹੜੇ ਇਲਾਕੇ ਜਿੱਤੇ ਗਏ?
ਉ. ਪਹਿਲੇ ਹੱਲਿਆਂ ਦੌਰਾਨ ਸਤਲੁਜ ਤੋਂ ਪਿਛਲੇ ਇਲਾਕੇ ਜਿਵੇਂ ਬੱਦੋਵਾਲ ਅਤੇ ਸਤਲੁਜ ਤੋਂ ਪਾਰ ਦੇ ਇਲਾਕੇ ਰਚਨਾ ਅਤੇ ਬਾਰੀ ਦੁਆਬ ।
ਕਸੂਰ (1807)
ਖੁਸ਼ਾਬ (ਸਿੰਧ ਸਾਗਰ ਦੁਆਬ) ਤੇ ਸਾਹੀਵਾਲ(ਚਜ ਦੁਆਬ) (1810)
ਹਜ਼ਾਰਾ(1815)
ਮਹਿਮੂਦ ਕੋਟ (ਸਿੰਧ ਸਾਗਰ ਦੁਆਬ)(1816)

ਮੁਲਤਾਨ (ਬਾਰੀ ਦੋਆਬ 1818)
ਪਿਸ਼ਾਵਰ ਦਾ ਅਧੀਨਗੀ ਪ੍ਰਵਾਨ ਕਰਨਾ (ਸਿੰਧ ਪਾਰ)( 1818)
ਕਸ਼ਮੀਰ(1819)
ਪਾਖਲੀ, ਦਮਤੌਰ (1821-22)
ਨੌਸ਼ਹਿਰਾ (ਸਿੰਧ ਪਾਰ )(1823)
ਸ੍ਰੀਕੋਟ(ਹਜਾਰਾ)(1824)
ਵਹਾਬੀ (ਸਿੰਧ ਪਾਰ)(1826-1831)
ਪਿਸ਼ਾਵਰ ਤੇ ਕਬਜ਼ਾ (1834)
ਜਮਰੌਦ (ਖੈਬਰ ਦਰਾ)(1836)

ਜਗੀਰਦਾਰ
ਗੁੱਜਰਾਂਵਾਲਾ(ਰਚਨਾ ਦੋਆਬ)
ਹਰੀਪੁਰ, ਪਾਖਲੀ, ਦਮਤੌਰ, ਖਾਨਪੁਰ ਧੰਨਾ (ਹਜਾਰਾ)
ਵਰਸ਼ਾ(ਨਮਕ ਪੱਟੀ)
ਕੱਚੀ, ਮਿੱਠਾ ਟਿਵਾਣਾ, ਨੂਰਪੁਰ (ਸਿੰਘ ਸਾਗਰ ਦੋਆਬ)
ਟਾਂਕ ਅਤੇ ਬੰਨੂੰ (ਸਿੰਧ ਪਾਰ)
ਹਸਨ ਅਬਦਾਲ, ਕੁਲਾਰ ਗੜ੍ਹ, ਪਿੰਡੀ ਘੇਬ।

ਪ22. 1831 ਵਿੱਚ ਸ਼ਿਮਲੇ ਕੀ ਵਾਪਰਿਆ?
ੳ. ਸ਼ਿਮਲੇ ਦੀ ਮੁਹਿੰਮ (1831)
1831 ਵਿੱਚ ਹਰੀ ਸਿੰਘ ਨਲੂਆ ਨੂੰ ਇੱਕ ਡਿਪਲੋਮੈਟਿਕ ਮਿਸ਼ਨ ਦੇ ਮੁਖੀ ਦੇ ਤੌਰ ਤੇ ਲਾਰਡ ਵਿਲੀਅਮ ਬੈਂਟਿਕ ਗਵਰਨਰ ਜਨਰਲ ਭਾਰਤ ਨਾਲ ਮਿਲਣ ਲਈ ਭੇਜਿਆ ਗਿਆ। ਇਸ ਤੋਂ ਬਾਅਦ ਜਲਦੀ ਹੀ ਮਹਾਰਾਜਾ ਰਣਜੀਤ ਸਿੰਘ ਅਤੇ ਬ੍ਰਿਟਿਸ਼ ਭਾਰਤ ਦੇ ਮੁਖੀ ਵਿਚਕਾਰ ਰੋਪੜ ਵਿਖੇ ਮੁਲਾਕਾਤ ਹੋਈ। ਅੰਗਰੇਜ਼ ਵਪਾਰ ਵਾਸਤੇ ਸਿੰਧ ਨਦੀ ਨੂੰ ਖੋਲ੍ਹਣਾ ਚਾਹੁੰਦੇ ਸਨ।

ਪ23. ਹਰੀ ਸਿੰਘ ਨਲੂਆ ਨੂੰ ਕਿਸ ਚੀਜ਼ ਬਾਰੇ ਸ਼ੰਕਾ ਸੀ?
ੳ. ਹਰੀ ਸਿੰਘ ਨਲੂਆ ਨੂੰ ਸਿੰਧ ਨਦੀ ਵਪਾਰ ਲਈ ਖੋਲ੍ਹਣ ਵਰਗੇ ਫ਼ੈਸਲਿਆਂ ਉੱਪਰ ਇਤਰਾਜ਼ ਸੀ। ਇੱਕ ਸੂਝਵਾਨ ਫੌਜੀ ਜਰਨੈਲ ਅਤੇ ਪ੍ਰਸ਼ਾਸਕ ਦੇ ਤੌਰ ਤੇ ਉਸ ਨੇ ਸਤਲੁਜ ਤੋਂ ਪਾਰ ਅੰਗਰੇਜ਼ਾਂ ਦੇ ਦਲ ਵਿੱਚ ਹੁੰਦੀ ਹਲ ਚਲ ਉੱਪਰ ਨਜ਼ਰ ਰੱਖੀ ਹੋਈ ਸੀ ਅਤੇ ਉਹ ਅੰਗਰੇਜ਼ਾਂ ਦੀ ਚਾਲ ਸਮਝ ਸਕਦਾ ਸੀ।

ਪ24. 1837 ਵਿੱਚ ਹਰੀ ਸਿੰਘ ਨਲੂਆ ਦੀ ਸ਼ਹਾਦਤ ਤੋਂ ਬਾਅਦ ਕੀ ਹੋਇਆ?
ੳ. ਦੋਸਤ ਮੁਹੰਮਦ ਖ਼ਾਨ ਟਿਕ ਕੇ ਨਾ ਬੈਠ ਸਕਿਆ ਤੇ ਉਸ ਨੇ ਆਪਣੇ ਪੁੱਤਰ ਅਕਬਰ ਨੂੰ 1837 ਵਿੱਚ ਸਾਰਾ ਲਾਮ ਲਸ਼ਕਰ ਦੇ ਕੇ ਪੰਜਾਬ ਵੱਲ ਤੋਰਿਆ। ਉਧਰੋਂ ਹਰੀ ਸਿੰਘ ਨਲੂਆ ਨੂੰ ਲਾਹੌਰ ਦਰਬਾਰ ਦੀ ਫ਼ੌਜ ਦੇ ਮੁਖੀ ਦੇ ਤੌਰ ਤੇ ਅਫ਼ਗਾਨਾਂ ਦਾ ਟਾਕਰਾ ਕਰਨ ਲਈ ਭੇਜਿਆ ਗਿਆ। ਹਰੀ ਸਿੰਘ ਨਲੂਆ ਨੇ ਖੈਬਰ ਦਰੇ ਉੱਪਰ ਜਮਰੌਦ ਨਾਮ ਦਾ ਕਿਲ੍ਹਾ ਪਹਿਲਾਂ ਹੀ ਉਸਾਰਿਆ ਹੋਇਆ ਸੀ ਜਿਸ ਦੀ ਦੇਖ ਰੇਖ ਸਰਦਾਰ ਮਹਾਂ ਸਿੰਘ ਮੀਰਪੁਰਾ ਕਰਦੇ ਸਨ। ਸਿਪਾਹੀਆਂ ਅਤੇ ਜੰਗੀ ਸਾਜ਼ੋ ਸਾਮਾਨ ਦੀ ਘਾਟ ਦੇ ਬਾਵਜੂਦ ਹਰੀ ਸਿੰਘ ਨਲੂਆ ਨੇ ਦਿਲ ਨਹੀਂ ਛੱਡਿਆ।

ਪ25.ਹਰੀ ਸਿੰਘ ਨਲੂਆ ਨੇ ਕੀ ਕੀਤਾ?
ੳ. ਹਰੀ ਸਿੰਘ ਨਲੂਆ ਨੇ ਜੰਗੀ ਸਾਜ਼ੋ ਸਾਮਾਨ ਵਾਸਤੇ ਲਾਹੌਰ ਅਤੇ ਪਿਸ਼ਾਵਰ ਵਿਖੇ ਸੁਨੇਹੇ ਭੇਜੇ। ਇਸ ਦੌਰਾਨ ਹਰੀ ਸਿੰਘ ਨਲਵਾ ਸ਼ਹੀਦੀ ਪਾ ਗਿਆ ਪਰ ਅਫਗਾਨ ਪੰਜ ਸੌ ਪੰਜਾਬੀ ਸਿਪਾਹੀਆਂ ਤੋਂ ਜਮਰੌਦ ਦਾ ਕਿਲ੍ਹਾ ਖਾਲੀ ਨਾ ਕਰਾ ਸਕੇ। ਹਰੀ ਸਿੰਘ ਨਲੂਆ ਦਾ ਆਖਰੀ ਹੁਕਮ ਇਹ ਸੀ ਕਿ ਉਸ ਦੀ ਮੌਤ ਦੀ ਖਬਰ ਨਾ ਕੱਢੀ ਜਾਵੇ ਅਤੇ ਦੁਸ਼ਮਣ ਦਲ ਦਾ ਡੱਟ ਕੇ ਮੁਕਾਬਲਾ ਕੀਤਾ ਜਾਵੇ।

ਪ26. ਹਰੀ ਸਿੰਘ ਨਲੂਆ ਦੀ ਜਮਰੌਦ ਮੁਹਿੰਮ ਦਾ ਸੰਪੂਰਨ ਬਿਓਰਾ ਕੌਣ ਦਿੰਦਾ ਹੈ?
ੳ. ਸਰ ਲੇਪਲ ਗ੍ਰਿਫਿਨ ਹੈਰੀਸਨ ਜਮਰੌਦ ਮੁਹਿੰਮ ਦਾ ਸੰਪੂਰਨ ਬਿਓਰਾ ਦਿੰਦਾ ਹੈ। ਗ੍ਰਿਫਿਨ ਲਿਖਦਾ ਹੈ ਕਿ ਹਰੀ ਸਿੰਘ ਨਲੂਆ ਨੂੰ ਖੈਬਰ ਦਰੇ ਉੱਪਰ ਇੱਕ ਕਿਲ੍ਹਾ ਉਸਾਰਨ ਦੇ ਨਿਰਦੇਸ਼ ਦਿੱਤੇ ਗਏ ਜਿਸ ਦੀਆਂ ਕੰਧਾਂ ਤੋਂ ਖਲੋ ਕੇ ਮਹਾਰਾਜਾ ਅਫਗਾਨਿਸਤਾਨ ਦੇ ਜਲਾਲਾਬਾਦ ਨੂੰ ਦੇਖ ਸਕੇ। ਹਰੀ ਸਿੰਘ ਨਲਵਾ ਨੇ ਇੱਕ ਅਜਿਹਾ ਕਿਲ੍ਹਾ ਉਸਾਰਿਆ ਜੋ ਲਗਾਤਾਰ ਕਈ ਹਫ਼ਤੇ ਗੋਲੀਬਾਰੀ ਦੇ ਬਾਵਜੂਦ ਵੀ ਢਹਿ ਨਹੀਂ ਸੀ ਸਕਦਾ। ਦੋਸਤ ਮੁਹੰਮਦ ਖ਼ਾਨ ਸੱਤ ਹਜ਼ਾਰ ਘੋੜ ਸਵਾਰ, ਦੋ ਹਜ਼ਾਰ ਬੰਦੂਕਧਾਰੀ ਸਿਪਾਹੀ ਅਤੇ ਅਠਾਰਾਂ ਤੋਪਾਂ ਸਮੇਤ ਜਮਰੌਦ ਦੇ ਕਿਲੇ ਤੇ ਚੜ੍ਹ ਕੇ ਆਇਆ। ਉਸ ਦੀ ਇਸ ਫੌਜ ਵਿੱਚ ਉਸ ਦੇ ਤਿੰਨ ਪੁੱਤਰ ਵੀ ਸ਼ਾਮਿਲ ਸਨ ਅਤੇ ਇਸ ਫ਼ੌਜ ਵਿੱਚ ਬਾਰਾਂ ਤੋਂ ਪੰਦਰਾਂੇ ਹਜ਼ਾਰ ਖੈਬਰੀ ਵੀ ਸ਼ਾਮਿਲ ਹੋ ਗਏ ਅਤੇ ਕਿਲੇ ਉੱਪਰ ਹਮਲਾ ਕਰ ਦਿੱਤਾ।

ਪ27. ਪਿਸ਼ਾਵਰ ਤੋਂ ਕਿਸ ਨੇ ਮਦਦ ਮੰਗੀ?
ੳ. ਮਹਾਂ ਸਿੰਘ ਮੀਰਪੁਰਾ ਨੇ ਪਿਸ਼ਾਵਰ ਤੋਂ ਮਦਦ ਮੰਗੀ ਜਿੱਥੇ ਹਰੀ ਸਿੰਘ ਨਲੂਆ ਬੁਖਾਰ ਨਾਲ ਜੂਝ ਰਿਹਾ ਸੀ। ਹਰੀ ਸਿੰਘ ਨਲੂਏ ਨੇ ਆਪਣੇ ਘੋੜ ਸਵਾਰਾਂ ਨੂੰ ਲਾਹੌਰ ਵਿਖੇ ਹੋਰ ਫ਼ੌਜੀ ਸਹਾਇਤਾ ਵਾਸਤੇ ਭੇਜਿਆ ਤੇ ਉਹ ਖੁਦ ਆਪਣੇ ਸਿਪਾਹੀਆਂ ਸਮੇਤ ਜਮਰੌਦ ਦੇ ਕਿਲੇ ਤੇ ਪਹੁੰਚਿਆ। ਹਰੀ ਸਿੰਘ ਨਲੂਏ ਦੀ ਹਾਜ਼ਰੀ ਨੇ ਸਿੱਖ ਫ਼ੌਜ ਵਿੱਚ ਨਵੀਂ ਰੂਹ ਫੂਕ ਦਿੱਤੀ ਅਤੇ ਉਹ ਅਫਗਾਨਾਂ ਨੂੰ ਟੁੱਟ ਕੇ ਪੈ ਗਏ। ਗ੍ਰਿਫਨ ਲਿਖਦਾ ਹੈ ਕਿ ਜਦੋਂ ਹਰੀ ਸਿੰਘ ਨਲੂਆ ਆਪਣੇ ਪੰਜ ਸਾਥੀਆਂ ਸਮੇਤ ਕਿਲ੍ਹੇ ਦੇ ਬਾਹਰ ਕੰਧ ਵਿੱਚ ਲੱਗੀ ਸੰਨ ਨੂੰ ਵੇਖਣ ਗਿਆ ਤਾਂ ਉਸ ਦੇ ਦੋ ਗੋਲੀਆਂ ਲੱਗੀਆਂ। ਇੱਕ ਗੋਲੀ ਉਸ ਦੀ ਵੱਖੀ ਅਤੇ ਦੂਜੀ ਗੋਲੀ ਉਸ ਦੇ ਢਿੱਡ ਵਿੱਚ ਲੱਗੀ।

ਪ28.ਹਰੀ ਸਿੰਘ ਨਲੂਆ ਦੇ ਅਖੀਰੀ ਹੁਕਮ ਕੀ ਸਨ?
ੳ. ਹਰੀ ਸਿੰਘ ਨਲੂਆ ਜਾਣ ਚੁੱਕਾ ਸੀ ਕਿ ਉਸ ਨੂੰ ਬਹੁਤ ਮਾਰੂ ਜ਼ਖਮ ਹੋ ਚੁੱਕੇ ਹਨ। ਉਹ ਆਪਣੇ ਘੋੜੇ ਉੱਪਰ ਸਵਾਰ ਹੋ ਆਪਣੀ ਫੌਜ ਤੋਂ ਕਾਫੀ ਦੂਰ ਚਲਾ ਗਿਆ ਤਾਂ ਜੋ ਉਸ ਨੂੰ ਜ਼ਖ਼ਮੀ ਹਾਲਤ ਵਿੱਚ ਦੇਖ ਉਸ ਦੇ ਸਿਪਾਹੀਆਂ ਦਾ ਹੌਂਸਲਾ ਨਾ ਟੁੱਟ ਸਕੇ। ਉਸ ਨੇ ਆਪਣੇ ਸਿਪਾਹੀਆਂ ਨੂੰ ਕਿਹਾ ਕਿ ਉਸ ਦੇ ਜ਼ਖ਼ਮੀ ਸਰੀਰ ਨੂੰ ਜ਼ਮੀਨ ਤੋਂ ਚੁੱਕ ਕੇ ਮੰਜੇ ਉੱਪਰ ਰੱਖਣ ਉਪਰੰਤ ਢੱਕ ਦਿੱਤਾ ਜਾਵੇ। ਅਖੀਰ ਉਹ ਮਹਾਨ ਜਰਨੈਲ ਜਿਸ ਦਾ ਨਾਮ ਲੈ ਕੇ ਅਫਗਾਨ ਔਰਤਾਂ ਆਪਣੇ ਬੱਚਿਆਂ ਨੂੰ ਡਰਾਉਂਦੀਆਂ ਸਨ ਇਸ ਜਹਾਨ ਤੋਂ ਰੁਖ਼ਸਤ ਹੋ ਗਿਆ।

ਪ29. ਹਰੀ ਸਿੰਘ ਨਲੂਆ ਨੂੰ ਕਿਸ ਤਰ੍ਹਾਂ ਯਾਦ ਕੀਤਾ ਜਾਂਦਾ ਸੀ?
ੳ. ਹਰੀ ਸਿੰਘ ਨਲੂਆ ਨਾਲ ਸਬੰਧਤ ਕੁਝ ਮਸ਼ਹੂਰ ਸ਼ਹਿਰ, ਕਿਲੇ, ਬਾਗ ਅਤੇ ਸਰਾਵਾਂ ਦੇ ਨਾਮ:
ਨਵਾਂ ਗੁੱਜਰਾਂਵਾਲਾ(, ਪੰਜਾਬ, ਪਾਕਿਸਤਾਨ)।
ਹਰੀਪੁਰ(ਹਜ਼ਾਰਾ, ਉੱਤਰ ਪੱਛਮ ਫਰੰਟ ਪਾਕਿਸਤਾਨ)
ਹਰੀਪੁਰ ਹਰੀ ਸਿੰਘ ਨਲੂਆ ਦੁਆਰਾ ਕਬਾਇਲੀ ਪੱਟੀ ਵਿੱਚ ਸੁਚਾਰੂ ਢੰਗ ਨਾਲ ਉਸਾਰਿਆ ਗਿਆਨ ਨਗਰ ਸੀ।

ਪ30.ਹਰੀ ਸਿੰਘ ਨਲੂਆ ਨੇ ਕਿੱਥੇ ਕਿੱਥੇ ਕਿਲੇ ਉਸਾਰੇ?
ੳ. ਪੇਸ਼ਾਵਰ (ਉੱਤਰ ਪੱਛਮੀ ਫਰੰਟੀਅਰ ਪ੍ਰੋਵਿੰਸ ਪਾਕਿਸਤਾਨ): ਹਰੀ ਸਿੰਘ ਨਲੂਆ ਨੇ ਇਸ ਸ਼ਹਿਰ ਵਿੱਚ ਇੱਕ ਕਿਲਾ ਉਸਾਰਿਆ ਜੋ ਇੱਕੀਵੀਂ ਸਦੀ ਵਿੱਚ ਵੀ ਸਾਰੇ ਸ਼ਹਿਰ ਤੋਂ ਵੱਖਰਾ ਪ੍ਰਭਾਵ ਰੱਖਦਾ ਹੈ। ਹਰੀ ਸਿੰਘ ਨਲੂਆ ਨੇ ਇਸ ਦਾ ਨਾਮ ਸੁਮੇਰਗੜ੍ਹ ਰੱਖਿਆ ਪਰ ਅੱਜ ਕੱਲ੍ਹ ਇਹ ਬਾਲਾ ਹਿਸਾਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ।
ਕਟਾਸ: ਪਾਕਿਸਤਾਨ ਹਰੀ ਸਿੰਘ ਨਲੂਆ ਨੇ ਇਸ ਤੀਰਥ ਅਸਥਾਨ ਤੇ ਸਰੋਵਰ ਦੇ ਕੰਢੇ ਦੋ ਵੱਡੀਆਂ ਹਵੇਲੀਆਂ ਬਣਾਈਆਂ।

ਹਰੀ ਸਿੰਘ ਨਲੂਆ ਦੇ ਬਾਗ ਅੰਮ੍ਰਿਤਸਰ, ਪੰਜਾਬ, ਭਾਰਤ ਅਤੇ ਸ੍ਰੀਨਗਰ, ਕਸ਼ਮੀਰ, ਭਾਰਤ।